THE PUNJAB STATE BOARD OF TECHNICAL
EDUCATION AND INDUSTRIAL TRAINING
PLOT NO. 1-A, SEC. 36-A, CHANDIGARH PH. : 615385, 622584-85 FAX : 660734

ਨੰ:ਪੀ.ਐਸ.ਬੀ./ਆਈ.ਟੀ./16/ 371 ਈ-ਮੇਲ/ਦਸਤੀ ਮਿਤੀ: 4.2.16

ਸੇਵਾ ਵਿਖੇ

ਸਮੂਹ ਪ੍ਰਿੰਸੀਪਲ/ਸੈਂਟਰ ਕੰਟਰੋਲਰ,
ਸਮੂਹ ਉਦਯੋਗਿਕ ਸਿਖਲਾਈ ਸੰਸਥਾਵਾਂ /ਇਸਤਰੀਆਂ ਲਈ ਸੰਸਥਾਵਾਂ,(ਪ੍ਰੀਖਿਆਵਾਂ ਸੈਂਟਰ)
ਆਰਟ ਐਂਡ ਕਰਾਫਟ ਸੰਸਥਾਵਾਂ, ਪੰਜਾਬ।

**ਵਿਸ਼ਾ: ਪ੍ਰੀਖਿਆ ਜਨਵਰੀ-ਫਰਵਰੀ 2016 ਦੀ ਓ.ਐਮ.ਆਰ. ਸ਼ੀਟਾਂ/ਉਤਰਕਾਪੀਆਂ ਸਬੰਧੀ ਸ਼ਡਿਊਲ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸਮੂਹ ਪ੍ਰਿੰਸੀਪਲ/ਪ੍ਰੀਖਿਆ ਸੈਂਟਰ ਦੇ ਕੰਟਰੋਲਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜਨਵਰੀ-ਫਰਵਰੀ 2016 ਦੀ ਥਿਊਰੀ ਪ੍ਰੀਖਿਆ (ਐਨ.ਸੀ.ਵੀ.ਟੀ. ਅਤੇ ਐਸ.ਸੀ.ਵੀ.ਟੀ.) ਜੋ ਕਿ ਮਿਤੀ:-10-2-2016 ਤੋਂ ਸ਼ੁਰੂ ਹੋ ਰਹੀ ਹੈ, ਨੂੰ ਸੁਚਾਰੂ ਅਤੇ ਸੁੱਚਜੇ ਢੰਗ ਨਾਲ ਚਲਾਉਣ ਲਈ ਸੰਸਥਾਵਾਂ ਹੇਠ ਲਿਖੇ ਅਨੁਸਾਰ ਹਦਾਇਤਾਂ ਦੀ ਇੰਨ ਬਿੰਨ ਪਾਲਨਾ ਕਰਨੀ ਯਕੀਨੀ ਬਨਾਉਣ:-

1. ਪ੍ਰੀਖਿਆ ਸੈਂਟਰ ਆਪਣੇ ਪੱਧਰ ਤੇ ਏ-4 ਸਾਇਜ ਦੀਆਂ ਰੰਗਦਾਰ ਸ਼ੀਟਾਂ ਦਾ ਇੰਤਜਾਮ ਕਰਕੇ ਵੱਖ ਵੱਖ ਸਮੈਸਟਰ ਦੇ ਲਿਫਾਫੇ ਬਣਾ ਕੇ ਉਸ ਉਤੇ ਹੇਠ ਦਰਸਾਏ ਅਨੁਸਾਰ ਏ-4 ਸਾਇਜ ਦੇ ਰੰਗਦਾਰ ਪੇਪਰ ਚਿਪਕਾਉਣਗੇ:-

ੳ) ਐਨ.ਸੀ. ਵੀ. ਟੀ. ਦੇ ਪਹਿਲੇ ਸਮੈਸਟਰ ਦੀ OMR sheets ਲਈ Yellow ਰੰਗ ਦੀ ਸ਼ੀਟ।
ਅ) ਐਨ.ਸੀ. ਵੀ. ਟੀ. ਦੇ ਦੂਜੇ ਸਮੈਸਟਰ ਦੀ OMR sheets ਲਈ Blue ਰੰਗ ਦੀ ਸ਼ੀਟ।
ੲ) ਐਨ.ਸੀ. ਵੀ. ਟੀ. ਦੇ ਤੀਜੇ ਸਮੈਸਟਰ ਦੀ OMR sheets ਲਈ Pink ਰੰਗ ਦੀ ਸ਼ੀਟ।
ਸ) ਐਨ.ਸੀ. ਵੀ. ਟੀ. ਦੇ ਚੌਥੇ ਸਮੈਸਟਰ ਦੀ OMR sheets ਲਈ Green ਰੰਗ ਦੀ ਸ਼ੀਟ।
ਹ) ਐਨ.ਸੀ.ਵੀ. ਟੀ. ਅਤੇ ਐਸ.ਸੀ.ਵੀ.ਟੀ. ਦੀ ਡਰਾਇੰਗ ਸ਼ੀਟਾਂ ਲਈ White ਰੰਗ ਦੀ ਸ਼ੀਟ।
ਕ) ਐਸ.ਸੀ. ਵੀ. ਟੀ. ਦੇ ਸਮੈਸਟਰ ਸਿਸਟਮ (ਸਾਰੇ ਸਮੈਸਟਰਾਂ ਲਈ)ਦੀ OMR sheets ਲਈ Red/Brown ਰੰਗ ਦੀ ਸ਼ੀਟ।

2. ਐਨ.ਸੀ.ਵੀ.ਟੀ. ਦੀ ਓ.ਐਮ.ਆਰ. ਸ਼ੀਟਾਂ ਭੇਜਣ ਵੇਲੇ ਪ੍ਰੀਖਿਆ ਸੈਂਟਰਾਂ ਵਲੋ ਇਹ ਧਿਆਨ ਵਿੱਚ ਰੱਖਿਆ ਜਾਵੇ ਕਿ ਓ.ਐਮ.ਆਰ. ਸ਼ੀਟਾਂ ਗੱਤੇ ਦੇ ਡੱਬਿਆਂ **(Card board box of Size 18" x 12" x 10")** ਵਿੱਚ ਪ੍ਰੀਖਿਆ ਸੈਂਟਰ ਵਾਇਜ ਪੈਕ ਕਰਕੇ ਭੇਜੀਆਂ ਜਾਣ। Conventional ਅਤੇ ਆਰਟ ਐਂਡ ਕਰਾਫਟ ਦੀਆਂ ਉਤਰਕਾਪੀਆਂ ਦੇ ਪੈਕਟ ਚਿੱਟੇ ਰੰਗ (White color) ਦੇ ਥੈਲੇ / ਬੋਰੀ ਵਿੱਚ ਪੈਕ ਕੀਤੇ ਜਾਣ।

3. ਬੋਰੀ ਅਤੇ ਗੱਤੇ ਦੇ ਡੱਬੇ ਉਤੇ ਪ੍ਰੀਖਿਆ ਸੈਂਟਰ ਦਾ ਨਾਂ, ਕੋਡ (4 ਅਤੇ 3 digit ਵਿੱਚ ) ਮਾਰਕਰ ਨਾਲ ਲਿਖਣਾ ਯਕੀਨੀ ਬਣਾਇਆ ਜਾਵੇ। ਕੋਡ ਲਿਖਣ ਸਬੰਧੀ ਉਦਾਹਰਣ ਲਈ ਆਈ.ਟੀ.ਆਈ. ਲੁਧਿਆਣਾ ਦਾ ਕੋਡ - 2114/601 ਲਿਖਿਆ ਜਾਣਾ ਹੈ।

4. ਨੋਡਲ ਸੈਂਟਰਾਂ ਦੇ ਮੁੱਖੀ ਪ੍ਰੀਖਿਆਵਾਂ ਸੈਂਟਰਾਂ ਤੋਂ ਉਤਰਕਾਪੀਆਂ ਦੇ ਥੈਲੇ/Boxes ਲੈਣ ਤੋਂ ਪਹਿਲਾਂ ਇਹ ਯਕੀਨੀ ਬਣਾ ਲੈਣ ਕਿ ਉਹਨਾਂ ਵਲੋਂ ਪ੍ਰਾਪਤ ਉਤਰਕਾਪੀਆਂ ਦੇ ਥੈਲੇ/Boxes ਲੜੀ ਨੰਬਰ 1, 2 ਅਤੇ 3 ਤੇ ਦਰਸਾਈਆਂ ਹਦਾਇਤਾਂ ਅਨੁਸਾਰ ਪੈਕ ਕੀਤੇ ਗਏ ਹਨ। ਇਸ ਤੋਂ ਇਲਾਵਾ ਇਹ ਖਾਸ ਹਦਾਇਤ ਕੀਤੀ ਜਾਂਦੀ ਹੈ ਕਿ ਸਮੂਹ ਨੋਡਲ ਸੈਂਟਰ ਸ਼ਡਿਊਲ ਅਨੁਸਾਰ ਆਪਣੇ ਅਧੀਨ ਆਉਂਦੇ ਪ੍ਰੀਖਿਆ ਸੈਂਟਰਾਂ ਤੋਂ ਪ੍ਰੀਖਿਆ ਸਬੰਧੀ ਉਤਰਕਾਪੀਆਂ ਆਦਿ ਇੱਕਠੀਆਂ ਕਰਨ ਲਈ ਲਗਾਤਾਰ ਤਾਲਮੇਲ ਰੱਖਣਾ ਯਕੀਨੀ ਬਨਾਉਣਗੇ।

5. ਪ੍ਰੈਕਟੀਕਲ ਅਵਾਰਡ ਲਿਸਟਾਂ ਪ੍ਰੀਖਿਆ ਸੈਂਟਰ ਵੱਖਰੇ ਤੌਰ ਤੇ ਨੋਡਲ ਸੈਂਟਰ ਵਿਖੇ ਜਮ੍ਹਾਂ ਕਰਵਾਉਣਗੇ ਅਤੇ ਨੋਡਲ ਸੈਂਟਰ ਪ੍ਰੈਕਟੀਕਲ ਅਵਾਰਡ ਲਿਸਟਾਂ ਵੱਖਰੇ ਤੌਰ ਤੇ ਹੀ ਬੋਰਡ ਦੇ ਸਟਾਫ ਮੈਂਬਰਾਂ ਨੂੰ ਦੇਣਗੇ। ਇਹ ਮੁੜ ਸਪਸ਼ਟ ਕੀਤਾ ਜਾਂਦਾ ਹੈ ਕਿ ਪ੍ਰੈਕਟੀਕਲ ਅਵਾਰਡ ਲਿਸਟਾਂ ਬੋਰੀ ਜਾਂ ਥੈਲੇ ਵਿੱਚ ਨਾਂ ਪਾਈਆਂ ਜਾਣ।

6. ਪ੍ਰੀਖਿਆ ਸੈਂਟਰ ਓ.ਐਮ.ਆਰ. ਸ਼ੀਟਾਂ ਪੈਕ ਕਰਨ ਲਈ ਖਾਲੀ ਲਿਫਾਫੇ ਬੋਰਡ ਦਫਤਰ ਤੋਂ ਪ੍ਰਾਪਤ ਕਰ ਸਕਦੇ ਹਨ। ਲਿਫਾਫੇ ਘੱਟ ਜਾਣ ਦੀ ਸੂਰਤ ਵਿੱਚ ਸੰਸਥਾ ਆਪਣੇ ਪੱਧਰ ਤੇ ਲਿਫਾਫਿਆਂ ਦਾ ਪ੍ਰਬੰਧ ਕਰਕੇ ਹਦਾਇਤਾਂ ਦੀ ਪਾਲਣਾ ਕਰਨਾ ਯਕੀਨੀ ਬਨਾਏਗੀ। ਓ.ਐਮ.ਆਰ. ਸ਼ੀਟਾਂ ਦੇ ਲਿਫਾਫੇ ਅੰਦਰ ਪ੍ਰਸ਼ਨ ਪੱਤਰ, ਹਾਜਰੀ ਸ਼ੀਟ ਅਤੇ ਚਲਾਨ ਫਾਰਮ ਪੈਕ ਨਾਂ ਕੀਤੇ ਜਾਣ। ਹਾਜਰੀ ਸ਼ੀਟ, ਚਲਾਨ ਫਾਰਮ ਅਤੇ ਪ੍ਰਸ਼ਨ ਪੱਤਰ ਦੀ ਕਾਪੀ **Card board** ਵਿੱਚ ਪੈਕ ਕਰਕੇ ਭੇਜੀ ਜਾਵੇ। ਰੰਗਦਾਰ ਲਿਫਾਫੇ ਤੇ ਨਾਲ ਨੱਥੀ ਲਿਸਟ ਅਨੁਸਾਰ ਡੀਟੇਲ ਲਗਾ ਕੇ ਭੇਜੀ ਜਾਵੇ।

7. ਪ੍ਰੀਖਿਆ ਜਨਵਰੀ 2016 ਦੌਰਾਨ ਐਸ.ਸੀ.ਵੀ.ਟੀ. ਟਰੇਡਾਂ ਦੇ ਰੋਲ ਨੰਬਰ ਵਿੱਚ ਸੰਸਥਾਵਾਂ ਵਲੋਂ ਇਹ ਯਕੀਨੀ ਬਣਾ ਲਿਆ ਜਾਵੇ ਕਿ ਸਿਖਿਆਰਥੀਆਂ ਦੀ ਜਿਹੜੀ ਟਰੇਡਾਂ ਵਿੱਚ ਰਜਿਸਟਰੇਸ਼ਨ ਹੋਈ ਹੈ, ਉਹੀ ਟਰੇਡਾਂ ਦੇ ਨਾਂ ਹੀ ਰੋਲ ਨੰਬਰ ਸਲਿੱਪ ਤੇ ਪ੍ਰਿੰਟ ਹੋਏ ਹਨ।

8. ਸਮੂਹ ਉਦਯੋਗਿਕ ਸਿਖਲਾਈ ਸੰਸਥਾਵਾਂ ਇਹ ਯਕੀਨੀ ਬਨਾਉਣ ਕਿ ਉਹ ਆਪਣੀ ਸੰਸਥਾ ਦੇ ਜ਼ਿੰਮੇਵਾਰ ਸਟਾਫ ਮੈਂਬਰ ਦੀ ਡਿਊਟੀ ਲਗਾਉਣ ਜੋ ਕਿ ਹਰ ਰੋਜ ਸਿਖਿਆਰਥੀਆਂ ਨੂੰ ਪ੍ਰੀਖਿਆ ਸੈਂਟਰ ਵਿਖੇ ਬਿਠਾ ਕੇ ਆਉਣ, ਤਾਂ ਜੋ ਸਿਖਿਆਰਥੀਆਂ ਨੂੰ ਕਿਸੇ ਤਰ੍ਹਾਂ ਦੀ ਔਕੜ ਪੇਸ਼ ਨਾਂ ਆਵੇ। ਸਬੰਧਤ ਸਟਾਫ ਮੈਂਬਰ ਕਿਸੇ ਤਰ੍ਹਾਂ ਦੀ ਵੀ ਸਿਖਿਆਰਥੀਆਂ ਨੂੰ ਮੁਸ਼ਕਲ ਆਉਣ ਦੀ ਸੂਰਤ ਵਿੱਚ ਆਪਣੀ ਸੰਸਥਾ ਦੇ ਪ੍ਰਿੰਸੀਪਲ ਨਾਲ ਤਾਲਮੇਲ ਕਰਕੇ ਮੁਸ਼ਕਲ ਦਾ ਨਿਪਟਾਰਾ ਕਰਨਾ ਯਕੀਨੀ ਬਨਾਉਣਗੇ।

ਬੋਰਡ ਦਫਤਰ ਵਲੋਂ ਮਿਤੀ:-15 ਅਤੇ 16 ਫਰਵਰੀ 2016 ਨੂੰ ਕੇਵਲ ਐਨ.ਸੀ.ਵੀ.ਟੀ. ਪਹਿਲੇ ਅਤੇ ਦੂਜੇ ਸਮੈਸਟਰ ਦੀਆਂ ਓ.ਐਮ.ਆਰ. ਸ਼ੀਟਾਂ ਅਤੇ ਐਨ.ਸੀ.ਵੀ.ਟੀ./ਐਸ.ਸੀ.ਵੀ.ਟੀ. ਪ੍ਰੀਖਿਆਵਾਂ ਦੀ ਪ੍ਰੈਕਟੀਕਲ ਅਵਾਰਡ ਲਿਸਟਾਂ ਨੋਡਲ ਸੈਂਟਰਾਂ ਤੋਂ ਇੱਕਠੀਆਂ ਕੀਤੀਆਂ ਜਾਣੀਆਂ ਹਨ। ਇਸ ਤੋਂ ਇਲਾਵਾ ਐਨ.ਸੀ.ਵੀ.ਟੀ. ਟਰੇਡਾਂ ਦੀ ਤੀਜੇ ਅਤੇ ਚੌਥੇ ਸਮੈਸਟਰ ਦੀਆਂ ਓ.ਐਮ.ਆਰ. ਸ਼ੀਟਾਂ, ਐਸ.ਸੀ.ਵੀ.ਟੀ. /ਐਨ.ਸੀ.ਵੀ.ਟੀ./Conventional/old pattern ਅਤੇ ਆਰਟ ਐਂਡ ਕਰਾਫਟ/ਟੀਚਰ ਟਰੇਨਿੰਗ ਟਰੇਡਾਂ ਦੀਆਂ ਓ.ਐਮ.ਆਰ. ਸ਼ੀਟਾਂ/ਉਤਰਕਾਪੀਆਂ ਅਤੇ ਡਰਾਇੰਗ ਸ਼ੀਟਾਂ ਨੋਡਲ ਸੈਂਟਰਾਂ ਤੋਂ ਮਿਤੀ:-24 ਅਤੇ 25 ਫਰਵਰੀ 2016 ਨੂੰ ਨੋਡਲ ਸੈਂਟਰਾਂ ਤੋਂ ਇੱਕਠੀਆਂ ਕੀਤੀਆਂ ਜਾਣੀਆਂ ਹਨ। ਇਸ ਸਬੰਧ ਵਿੱਚ ਸੰਸਥਾਵਾਂ ਇਹ ਯਕੀਨੀ ਬਨਾਉਣ ਕਿ ਉਹ ਪ੍ਰੀਖਿਆ ਖਤਮ ਹੋਣ ਉਪਰੰਤ ਆਪਣੀਆਂ ਉਤਰਕਾਪੀਆਂ ਨੋਡਲ ਸੈਂਟਰ ਵਿਖੇ ਜਮ੍ਹਾਂ ਕਰਵਾਉਣ। Nodal ਸੈਂਟਰਾਂ ਵਲੋ ਇਹ ਯਕੀਨੀ ਬਣਾਇਆ ਜਾਵੇ ਕਿ ਮਿਤੀ:15 ਅਤੇ 16 ਫਰਵਰੀ ਅਤੇ ਮਿਤੀ:-24 ਅਤੇ 25 ਫਰਵਰੀ ਨੂੰ ਜਦੋ ਤੱਕ ਉਤਰਕਾਪੀਆਂ ਬੋਰਡ ਦਫਤਰ ਦੇ ਕਰਮਚਾਰੀਆਂ ਦੇ ਹਵਾਲੇ ਨਾਂ ਹੋ ਜਾਣ, ਉਸ ਵੇਲੇ ਤੱਕ ਸੰਸਥਾ ਵਿਖੇ ਕਿਸੇ ਨਾ ਕਿਸੇ ਜ਼ਿੰਮੇਵਾਰ ਕਰਮਚਾਰੀ ਦੀ ਡਿਊਟੀ ਹਰ ਸਮੇਂ ਲਈ ਲਗਾਈ ਜਾਵੇਗੀ।

ਇਹਨਾਂ ਹਦਾਇਤਾਂ ਦੀ ਇੰਨਬਿੰਨ ਪਾਲਨਾ ਕਰਨਾ ਯਕੀਨੀ ਬਣਾਇਆ ਜਾਵੇ।

ਨੱਥੀ : ਉਪਰੋਕਤ ਅਨੁਸਾਰ

ਕੰਟਰੋਲਰ ਪ੍ਰੀਖਿਆਵਾਂ
(ਆਈ.ਟੀ.ਆਈ.)

Page-1

**Paste Yellow color A-4 Size paper on Envelops**
**State-Punjab 28**
**For NCVT Semester-1 (OMR Sheets)**

**Name of Centre:-** **Date of Examination:-**

**Centre Code :- (both in 4 and 3 digit)**

**Name of Trade/s:-**

**Trade Code/s:-**

**Name of Paper:-**

**Total No. of OMR Sheets:-**

**Shift (Morning/Evening):-**

**Signature of Supdt.:-**

**Signature of Principal/Centre Controller:-**
**(With Centre's Stamp)**

**Paste Blue color A-4 Size paper on Envelops**
**State-Punjab 28**
**For NCVT Semester-2 (OMR Sheets)**

**Date of Examination:-**

**Name of Centre:-**

**Centre Code :- (both in 4 and 3 digit)**

**Name of Trade/s:-**

**Trade Code/s:-**

**Name of Paper:-**

**Total No. of OMR Sheets:-**

**Shift (Morning/Evening):-**

**Signature of Supdt.:-**

**Signature of Principal/Centre Controller:-**
**(With Centre's Stamp)**

**Paste Pink color A-4 Size paper on Envelops**
**State-Punjab 28**
**For NCVT Semester-3 (OMR Sheets)**

**Name of Centre:-** **Date of Examination:-**

**Centre Code :- (both in 4 and 3 digit)**

**Name of Trade/s:-**

**Trade Code/s:-**

**Name of Paper:-**

**Total No. of OMR Sheets:-**

**Shift (Morning/Evening):-**

**Signature of Supdt.:-**

**Signature of Principal/Centre Controller:-**
**(With Centre's Stamp)**